655ਵੇਂ ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ ਕਾਦੀਆ ਵਿਸ਼ੇਸ਼ ਸਪਲੀਮੈਂਟ

ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ ਸਾਰੇ ਸ਼ਹਿਰ ਵਾਸੀਆਂ ਅਤੇ ਪੱਤਰਕਾਰ ਸੁਰਿੰਦਰ ਪਾਲ ਛਾਬੜਾ ਜੀ ਨੂੰ ਲੱਖ-ਲੱਖ ਵਧਾਈ ਹੋਵੇ।

ਸ੍ਰੀ ਯੋਗਰਾਜ ਰਾਜ ਸ਼ਿਵ ਸੈਨਾ (ਬਾਲ ਠਾਕਰੇ) ਪੰਜਾਬ ਦੇ ਪ੍ਰਧਾਨ | ਸ੍ਰੀ ਰਮੇਸ਼ ਨਈਅਰ ਸ਼ਿਵ ਸੈਨਾ (ਬਾਲ ਠਾਕਰੇ) ਪੰਜਾਬ ਦੇ ਉੱਪ ਪ੍ਰਧਾਨ | ਸ੍ਰੀ ਵਿਜੈ ਕੁਮਾਰ ਸ਼ਿਵ ਸੈਨਾ (ਬਾਲ ਠਾਕਰੇ) ਕਾਦੀਆ ਦੇ ਪ੍ਰਧਾਨ | ਸ੍ਰੀ ਸੁਭਾਸ਼ ਸ਼ਰਮਾ, ਸ੍ਰੀਮਤੀ ਕੈਲਾਸ਼ ਸ਼ਰਮਾ ਮੁਹੱਲਾ ਧਰਮਪੁਰਾ ਕਾਦੀਆ

ਸ. ਗੁਰਿੰਦਰ ਪਾਲ ਸਿੰਘ ਗੋਰਾ ਮੈਂਬਰ ਐਸ.ਜੀ.ਪੀ.ਸੀ | ਸ੍ਰੀ ਵਿਪਨ ਮਹਾਜਨ | ਸ੍ਰੀ ਕੁਲਦੀਪ ਅਰੋੜਾ | ਸ੍ਰੀ ਅਸ਼ੋਕ ਕੁਮਾਰ ਛਾਬੜਾ | ਸ੍ਰੀ ਸੁਭਾਸ਼ ਦੀਵਾਨ ਸ਼ਿਵਾ ਰਾਈਸ ਮਿੱਲਜ਼ ਕਾਦੀਆ

ਸ. ਦਲਵਿੰਦਰ ਜੀਤ ਸਿੰਘ ਖਹਿਰਾ ਵਾਈਸ ਪ੍ਰਧਾਨ ਨਗਰ ਪਾਲਿਕਾ ਕਾਦੀਆ | ਸ. ਜਰਨੈਲ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ ਕਾਦੀਆ | ਸ੍ਰੀ ਜਨਕ ਰਾਜ ਭਾਟੀਆ | ਸੁਰਿੰਦਰ ਪਾਲ (ਪੱਪੀ) ਪ੍ਰਧਾਨ ਕਾਂਗਰਸ ਕਾਦੀਆ | ਸ. ਅਵਤਾਰ ਸਿੰਘ ਨਿਰਮਾਨ ਦੇਸੀ ਦਵਾਖਾਨਾ ਹਰਚੋਵਾਲ ਰੋਡ ਕਾਦੀਆ

ਡਾ. ਬਲਜਿੰਦਰ ਕੁਮਾਰ (ਬੇਦੀ) ਵਾਈਸ ਪ੍ਰਧਾਨ ਨੌਜਵਾਨ ਬਜਰੰਗ ਬਲੀ ਕਾਦੀਆ | ਸ੍ਰੀ ਸੁਰਿੰਦਰ ਕੁਮਾਰ ਭਾਟੀਆ ਪ੍ਰਧਾਨ ਬਾਵਾ ਲਾਲ ਮੰਦਿਰ ਕਾਦੀਆ | ਸ. ਅਵਤਾਰ ਸਿੰਘ ਸਾਬਕਾ ਸਰਪੰਚ ਠੀਕਰੀਵਾਲ | ਸ੍ਰੀ ਰਾਜ ਕੁਮਾਰ ਜੁਲਕਾ ਕਾਦੀਆ | ਡਾ ਰੋਹਿਤ ਛਾਬੜਾ ਨੀਅਰ ਸਿੱਖ ਨੈਸ਼ਨਲ ਕਾਲਜ ਠੀਕਰੀਵਾਲ ਰੋਡ ਕਾਦੀਆ

ਯੋਗ ਸ਼ਕਤੀ ਕਰ ਰਾਖੂ ਦੇਹ ਹੈ ਵੀ ਵਸਤੂ ਪਰਾਈ ਇਹ

655 ਸ੍ਰੀ ਬਾਵਾ ਲਾਲ ਜੀ ਦਾ ਜਨਮ ਦਿਹਾੜਾ ਬਾਵਾ ਲਾਲ ਜੀ ਦਾ ਮੰਦਰ ਅਰਜ਼ਾਦਾ ਰੋਡ ਅਤੇ ਕ੍ਰਿਸ਼ਨਾ ਮੰਦਿਰ ਮੁਹੱਲਾ ਧਰਮਪੁਰਾ ਵਿਖੇ 17 ਜਨਵਰੀ ਦਿਨ ਐਤਵਾਰ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ

ਵਿਕਰਮੀ ਸ. 1412 ਦੀ ਮਾਘ ਸਕੂਲ ਦਵੀਤੀਆਂ 1356 ਈਸਵੀ ਨੂੰ ਮਾਲਵਾ ਪਰਦੇਸ਼ ਦੇ ਆਮਲੀ ਨਾਮਕ ਪਿੰਡ ਵਿੱਚ ਆਪ ਜੀ ਦਾ ਜਨਮ ਹੋਇਆ। ਆਪਦੇ ਪਿਤਾ ਸ੍ਰੀ ਬੌਲਾ ਮੱਲ ਜੀ ਆਪਣੇ ਪਿੰਡ ਵਿੱਚ ਪਟਵਾਰੀ ਸਨ। ਆਪ ਜੀ ਦੀ ਮਾਤਾ ਦਾ ਨਾਂ ਕ੍ਰਿਸ਼ਨਾ ਦੇਵੀ ਸੀ। ਆਪ ਸੂਰਜਵੰਸ਼ੀ ਕਸ਼ੱਤਰੀ ਸਨ। ਅੱਠ ਸਾਲ ਦੀ ਉਮਰ ਵਿੱਚ ਹੀ ਆਪ ਨੇ ਸਰਵ ਪੜ੍ਹਾਈ ਨੂੰ ਪ੍ਰਾਪਤ ਕਰ ਲਿਆ ਸੀ ਅਤੇ ਦੱਸ ਸਾਲ ਦੀ ਉਮਰ ਵਿੱਚ ਅਵਸਥਾ ਵੈਰਾਗ ਪ੍ਰਾਪਤ ਕਰ ਘਰ ਬਾਰ ਛੱਡ ਦਿੱਤਾ ਸੀ। ਆਪ ਸੱਚੇ ਗੁਰੂ ਦੀ ਖੋਜ ਵਿੱਚ ਭਾਰਤ ਦੇ ਹਰ ਇੱਕ ਤੀਰਥ 'ਤੇ ਗਏ। ਜਦ ਕਿਸੀ ਜਗ੍ਹਾ 'ਤੇ ਕੋਈ ਮਹਾਂਪੁਰਸ਼ ਗੁਰੂ ਬਣਨ ਯੋਗ ਨਾ ਮਿਲਿਆ ਤੇ ਆਪ ਘੁੰਮਦੇ-ਫਿਰਦੇ ਲਾਹੌਰ ਆ ਨਿਕਲੇ। ਲਾਹੌਰ ਵਿੱਚ ਰਾਵੀ ਨਦੀ ਦੇ ਤੱਟ 'ਤੇ ਆਪ ਨੂੰ ਸ੍ਰੀ ਚੈਤੰਨਅ ਸਵਾਮੀ ਜੀ ਦੇ ਦਰਸ਼ਨ ਹੋਏ ਜੋ ਰਾਮਾਨੰਦੀ ਸ੍ਰੀ ਵੈਸ਼ਨਵ ਸਨ। ਬਾਵਾ ਲਾਲ ਜੀ ਨੇ ਸਵਾਮੀ ਚੈਤੰਨਅ ਜੀ ਨੂੰ ਗੁਰੂ ਰੂਪ 'ਚ ਧਾਰਨ ਕਰ ਲਿਆ। ਇੱਕ ਦਿਨ ਸਵਾਮੀ ਜੀ ਨੇ ਆਪਣੇ ਪੈਰਾਂ ਦਾ ਚੁੱਲ੍ਹਾ ਬਣਾ ਕੇ ਕੁਝ ਚਾਵਲ ਬਣਾਏ। ਉਨ੍ਹਾਂ ਚਾਵਲਾਂ ਵਿੱਚ ਉਨ੍ਹਾਂ ਨੂੰ ਕੁਝ ਦਾਣੇ ਪ੍ਰਸ਼ਾਦ ਦੇ ਰੂਪ ਵਿੱਚ ਦਿੱਤੇ। ਪ੍ਰਸ਼ਾਦ ਰੂਪ ਵਿੱਚ ਚਾਵਲਾਂ ਦੇ ਖਾਣੇ ਤੋਂ ਆਪ ਨੂੰ ਗਿਆਨ ਪ੍ਰਾਪਤ ਹੋਇਆ। ਵਿਕਰਮੀ ਸੰ. 1451 ਨੂੰ ਆਪ ਨੇ ਸਹਾਰਨਪੁਰ ਵਿੱਚ ਆਸ਼ਰਮ ਬਣਾਇਆ ਅਤੇ ਇੱਕ ਗੁਫਾ ਦੇ ਅੰਦਰ ਤਪ ਕਰਨ ਵਿੱਚ ਲੀਨ ਹੋ ਗਏ।

ਆਪ ਨੇ ਭਾਰਤ ਅਤੇ ਭਾਰਤ ਦੇ ਬਾਹਰ 22 ਸਥਾਨਾਂ 'ਤੇ ਆਪਣੇ ਆਸ਼ਰਮ ਸਥਾਪਿਤ ਕੀਤੇ ਅਤੇ ਸਾਰੇ ਸਥਾਨਾਂ ਦੀ ਯਾਤਰਾ ਕੀਤੀ। 22 ਗਦੁਦੀਆਂ 'ਤੇ 22 ਚੇਲੇ ਬਿਠਾਏ ਅਤੇ ਉਨ੍ਹਾਂ ਨੂੰ ਹਿੰਦੂ ਧਰਮ ਦੀ ਰੱਖਿਆ ਕਰਨ ਲਈ ਸੱਚਾਈ ਦਾ ਉਪਦੇਸ਼ ਦੇਣ ਦੀ ਆਗਿਆ ਦਿੱਤੀ। ਕਾਰਤਿਕ ਸਕੂਲ ਦਸਮੀ ਵਿਕਰਮੀ ਸੰ. 1712 ਨੂੰ ਬਾਵਾ ਜੀ ਨੇ ਧਿਆਨਪੁਰ ਵਿੱਚ ਲੱਗਭੱਗ 300 ਸਾਲ ਤੱਕ ਜੀਵਿਤ ਰਹਿਣ ਤੋਂ ਬਾਅਦ ਆਪਣੀ ਇੱਛਾ ਨਾਲਜ ਸਮਾਧੀ ਲੈ ਲਈ। ਉਸ ਵਕਤ ਆਪ ਨੇ ਇਹ ਵਚਨ ਕਹੇ ਯੋਗ ਸ਼ਕਤੀ ਕਰ ਰਾਖੂ ਦੇਹ ਤੇ ਵੀ ਵਸਤੂ ਪਰਾਈ ਇਹ।

ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ ਸਾਰੇ ਸ਼ਹਿਰ ਵਾਸੀਆਂ ਅਤੇ ਸੁਰਿੰਦਰ ਪਾਲ ਛਾਬੜਾ ਨੂੰ ਲੱਖ-ਲੱਖ ਵਧਾਈ ਹੋਵੇ।
ਵੱਲੋਂ
ਸ਼ਿਵ ਸ਼ਕਤੀ ਖੇਤੀ ਸਟੋਰ ਹਰਚੋਵਾਲ ਰੋਡ ਕਾਦੀਆਂ

ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ ਸਾਰੇ ਸ਼ਹਿਰ ਵਾਸੀਆਂ ਅਤੇ ਸੁਰਿੰਦਰ ਪਾਲ ਛਾਬੜਾ ਨੂੰ ਲੱਖ-ਲੱਖ ਵਧਾਈ ਹੋਵੇ।
ਵੱਲੋਂ
ਐੱਸ.ਐੱਮ. ਇਲੈਕਟ੍ਰੋਨਿਕ ਬੁੱਟਰ ਰੋਡ ਕਾਦੀਆਂ

ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ ਸਾਰੇ ਸ਼ਹਿਰ ਵਾਸੀਆਂ ਅਤੇ ਸੁਰਿੰਦਰ ਪਾਲ ਛਾਬੜਾ ਨੂੰ ਲੱਖ-ਲੱਖ ਵਧਾਈ ਹੋਵੇ।
ਵੱਲੋਂ
ਮਨੋਜ ਡੀ.ਜੇ. ਸਿਸਟਮ ਬੁੱਟਰ ਰੋਡ ਕਾਦੀਆਂ

ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ ਸਾਰੇ ਸ਼ਹਿਰ ਵਾਸੀਆਂ ਅਤੇ ਸੁਰਿੰਦਰ ਪਾਲ ਛਾਬੜਾ ਨੂੰ ਲੱਖ-ਲੱਖ ਵਧਾਈ ਹੋਵੇ।
ਵੱਲੋਂ : ਅਹਿਮਦੀਆਂ ਜਮਾਤ ਕਾਦੀਆਂ

ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ ਸਾਰੇ ਸ਼ਹਿਰ ਵਾਸੀਆਂ ਅਤੇ ਸੁਰਿੰਦਰ ਪਾਲ ਛਾਬੜਾ ਨੂੰ ਲੱਖ-ਲੱਖ ਵਧਾਈ ਹੋਵੇ।
ਗੁਰੂ ਨਾਨਕ ਦੇਵ ਅਕੈਡਮੀ
ਹਰਚੋਵਾਲ ਰੋਡ ਕਾਦੀਆਂ

ਧੰਨਵਾਦ

ਸੁਰਿੰਦਰ ਪਾਲ ਛਾਬੜਾ
ਪੱਤਰਕਾਰ 'ਅੱਜ ਦੀ ਆਵਾਜ਼'
ਮੋਬਾ. 98158-48580

ਸ੍ਰੀ ਬਾਵਾ ਲਾਲ ਜੀ ਦੇ ਇਹ ਸ਼ੁੱਭ 655ਵੇਂ ਜਨਮ ਦਿਹਾੜੇ 'ਤੇ ਸ਼ਹਿਰ ਵਾਸੀਆਂ ਅਤੇ ਇਸ ਵਿਸ਼ੇਸ਼ ਸਪਲੀਮੈਂਟ ਨੂੰ ਕਢਵਾਉਣ ਲਈ ਮੇਰਾ ਸਾਥ ਦੇਣ ਵਾਲੇ ਸੱਜਣਾਂ ਦਾ ਮੈਂ ਰਿਣੀ ਹਾਂ। ਮੈਂ ਦੁਆ ਕਰਦਾ ਹਾਂ ਕਿ ਕਾਦੀਆਂ ਦੀ ਇਦ ਪਵਿੱਤਰ ਧਰਤੀ 'ਤੇ ਰਹਿਣ ਵਾਲੇ ਨਿਵਾਸੀ ਗੁਰੂ ਜਨ, ਧਾਰਮਿਕ ਸੰਸਥਾਵਾਂ, ਸਕੂਲ ਕਾਲਜ, ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਨ। ਕਾਦੀਆਂ ਕਸਬੇ ਵਿੱਚ ਟੈਲੀਫੋਨ ਐਕਸਚੈਂਜ, ਡਾਕਘਰ, ਬਿਜਲੀ ਘਰ, ਵਾਅਰ ਵਰਕਸ, ਸਰਕਾਰੀ ਹਸਪਤਾਲ, ਸਰਕਾਰੀ ਸਕੂਲ, ਸਰਕਾਰੀ ਬੈਂਕ, ਆਪਣੀ-ਆਪਣੀ ਭੂਮਿਕਾ ਚੰਗੀ ਤਰ੍ਹਾਂ ਨਿਭਾਅ ਰਹੇ ਹਨ। ਇੱਥੋਂ ਦੇ ਮੰਤਰੀਆਂ ਦਾ ਵੀ ਮੈਂ ਬਹੁਤ ਰਿਣੀ ਹਾਂ। ਕਾਦੀਆਂ ਕਸਬੇ ਦੀ ਤਰੱਕੀ ਵਿੱਚ ਸ਼ਹਿਰ ਦੇ ਮੰਤਰੀਆਂ, ਧਾਰਮਿਕ ਸੰਸਥਾਵਾਂ, ਸਮਾਜਿਕ ਸੰਸਥਾਵਾਂ ਤੇ ਆਮ ਲੋਕਾਂ ਦਾ ਬਹੁਤ ਯੋਗਦਾਨ ਹੈ। ਮੈਂ ਆਸ ਕਰਦਾ ਹਾਂ ਕਿ ਕਾਦੀਆਂ ਦੀ ਤਰੱਕੀ ਦਿਨੋਂ ਦਿਨ ਹੁੰਦੀ ਰਹੇਗੀ।

ਸ੍ਰੀ ਬਾਲ ਕ੍ਰਿਸ਼ਨ ਗੁਪਤਾ ਪ੍ਰਧਾਨ ਕ੍ਰਿਸ਼ਨਾ ਮੰਦਿਰ ਕਾਦੀਆ | ਰਾਜ ਕੁਮਾਰ ਡੋਗਰਾ | ਸ੍ਰੀ ਵਿਕਰਮ ਛਾਬੜਾ | ਅਕਸ਼ਤ ਛਾਬੜਾ | ਸ੍ਰੀ ਸਾਈ ਦਾਸ ਜੀ ਸਮਾਜ ਸੇਵਕ

ਡਾ. ਬਲਵੰਤ ਸਿੰਘ ਮੱਲ੍ਹੀ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ ਕਾਦੀਆ | ਸ. ਸਵਰਨ ਸਿੰਘ ਹਕੀਮ ਸਿੰਘ ਜੀ ਕਾਦੀਆ | 108 ਸਵਾਮੀ ਕਿਰਨਾ ਨੰਦ ਜੀ ਮਹਾਰਾਜ | ਸ੍ਰੀ ਰੋਸ਼ਨ ਲਾਲ ਜੀ ਸਹਿਗਲ ਵਾਈਸ ਪ੍ਰਧਾਨ ਕ੍ਰਿਸ਼ਨਾ ਮੰਦਿਰ ਕਾਦੀਆ | ਡਾ. ਮੰਗਲ ਦੇਵ ਭਾਟੀਆ ਜੀ ਸਮਾਜ ਸੇਵਕ

ਸ੍ਰੀ ਰਮੇਸ਼ ਚੰਦਰ ਜੀ | ਸ੍ਰੀ ਹਰਭਜਨ ਸਿੰਘ ਐੱਮ.ਸੀ. ਕਾਦੀਆ | ਸਰਬਜੀਤ ਸਿੰਘ (ਮਾਹਲ) ਕਾਦੀਆ | ਸ੍ਰੀ ਚਰਨ ਦਾਸ ਭਾਟੀਆ ਵਾਈਸ ਪ੍ਰਧਾਨ ਜਨਤਾ ਪਾਰਟੀ ਬਟਾਲਾ | ਸ੍ਰੀ ਦੇਵਰਾਜ ਡੀ.ਐੱਸ. ਫਾਈਨੈਂਸ ਕੰਪਨੀ ਕਾਦੀਆ

ਸ੍ਰ ਵਰਿੰਦਰ ਕੁਮਾਰ ਸਹਿਗਲ ਨੌਜਵਾਨ ਬਜਰੰਗ ਬਲੀ ਸਭਾ ਕਾਦੀਆ | ਸ੍ਰੀ ਯੋਗੇਸ਼ ਕੁਮਾਰ (ਸੋਨੂੰ) ਕਾਦੀਆ | ਸੁਰਿੰਦਰਪਾਲ ਛਾਬੜਾ ਬਾਲ ਠਾਕਰੇ ਸ਼ਿਵ ਸੈਨਾ ਪ੍ਰਧਾਨ ਜ਼ਿਲ੍ਹਾ ਬਟਾਲਾ

ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ ਸਾਰੇ ਸ਼ਹਿਰ ਵਾਸੀਆਂ ਅਤੇ ਪੱਤਰਕਾਰ ਸੁਰਿੰਦਰ ਪਾਲ ਛਾਬੜਾ ਜੀ ਨੂੰ ਲੱਖ-ਲੱਖ ਵਧਾਈ ਹੋਵੇ

ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ ਸਾਰੇ ਸ਼ਹਿਰ ਵਾਸੀਆਂ ਅਤੇ ਸੁਰਿੰਦਰ ਪਾਲ ਛਾਬੜਾ ਨੂੰ ਲੱਖ-ਲੱਖ ਵਧਾਈ ਹੋਵੇ।
ਵੱਲੋਂ
ਏ.ਵੀ.ਐੱਮ ਪਬਲਿਕ ਹਾਈ ਸਕੂਲ ਕਾਦੀਆਂ

ਕਹਾਣੀ
ਰਿਸ਼ਤੇ

ਵਰਿੰਦਰ ਆਜ਼ਾਦ

ਔਰਤ ਅਤੇ ਮਰਦ ਦਾ ਰਿਸ਼ਤਾ ਕੁਦਰਤ ਦਾ ਬਣਿਆ ਹੋਇਆ ਰਿਸ਼ਤਾ ਹੈ। ਕਹਿੰਦੇ ਨੇ ਜੋੜੀਆਂ ਤਾਂ ਉਪਰੋਂ ਬਣ ਕੇ ਆਉਂਦੀਆਂ ਹਨ ਬਾਕੀ ਤਾਂ ਹੀਲੇ -ਵਸੀਲੇ ਹੁੰਦੇ ਹਨ। ਸਮੇਂ ਅਨੁਸਾਰ ਔਰਤ ਤੇ ਮਰਦ ਦੇ ਸਬੰਧ ਬਣ ਜਾਂਦੇ ਹਨ, ਸੰਯੋਗ ਜੋਰਾਵਰ ਹੁੰਦੇ ਹਨ, ਜਿੰਨ੍ਹੀਆਂ ਮਰਜ਼ੀ ਮੁਸ਼ਕਲਾਂ ਆ ਜਾਣ ਸੰਯੋਗ ਬਣ ਕੇ ਰਹਿੰਦੇ ਹਨ ਅਤੇ ਜਦ ਕੁਦਰਤ ਨੂੰ ਇਹ ਸਬੰਧ ਮਨਜ਼ੂਰ ਨਹੀਂ ਹੁੰਦੇ ਤਾਂ ਦਿਲਾਂ ਵਿੱਚ ਫ਼ਰਕ ਪੈ ਜਾਂਦੇ ਹਨ। ਵਿਚਾਰਾਂ ਵਿੱਚ ਟਾਕਰਾ ਨਿਸ਼ਚਿਤ ਹੋ ਜਾਂਦਾ ਹੈ। ਇੱਕ ਦੂਜੇ ਨੂੰ ਅਲੱਗ ਕਰਨ ਵਾਲੇ ਹਾਲਾਤ ਪੈਦਾ ਹੋ ਜਾਂਦੇ ਹਨ। ਫਿਰ ਸਦਾ ਲਈ ਵਿਛੜ ਜਾਣ 'ਤੇ ਵੀ ਕੋਈ ਪਛਤਾਵਾ ਨਹੀਂ ਹੁੰਦਾ। ਰਿਸ਼ਤਿਆਂ ਦੇ ਟੁੱਟ ਜਾਣ 'ਤੇ ਖੁਸ਼ੀ ਹੁੰਦੀ ਹੈ। ਇਹ ਕਹਿਣਾ ਔਖਾ ਹੁੰਦਾ ਹੈ ਕਿ ਕੌਣ ਠੀਕ ਹੈ ਤੇ ਕੌਣ ਗਲਤ? ਤਲਾਕ ਤਾਂ ਸਮਾਜਿਕ ਅਤੇ ਕਾਨੂੰਨੀ ਤੌਰ 'ਤੇ ਇੱਕ ਰਸਮ ਹੈ। ਵੈਸੇ ਵੀ ਅਗਰ ਦਿਲ ਵਿੱਚ ਫ਼ਰਕ ਆ ਜਾਵੇ, ਗਲਤ-ਫਹਿਮੀਆਂ ਭਾਰੂ ਹੋ ਜਾਣ, ਸਮਝੌਤਿਆਂ ਦੀ ਗੁੰਜਾਇਸ਼ ਖ਼ਤਮ ਹੋ ਜਾਵੇ, ਤਾਂ ਰਿਸ਼ਤਿਆਂ ਦੀ ਲਾਸ਼ ਨੂੰ ਢੋਹਣ ਨਾਲੋਂ ਰਿਸ਼ਤਿਆਂ ਦਾ ਸਦਾ-ਸਦਾ ਲਈ ਖ਼ਤਮ ਹੋ ਜਾਣਾ ਹੀ ਬਿਹਤਰ ਹੁੰਦਾ ਹੈ।

ਅੱਜ ਰੋਸ਼ਨੀ ਅਤੇ ਸੰਜੀਵ ਦੀ ਆਖ਼ਰੀ ਤਰੀਕ ਸੀ। ਆਖ਼ਰੀ ਦੀ ਤਾਰੀਕ ਕਾਹਦੀ ਸੀ, ਜ਼ਿੰਦਗੀ ਵਿੱਚ ਮਿਲਣ ਦੀ ਆਖ਼ਰੀ ਤਰੀਕ ਸੀ। ਰੋਸ਼ਨੀ ਅਤੇ ਸੰਜੀਵ ਨੂੰ ਇੱਕਠਿਆਂ ਆਵਾਜ਼ ਪਈ। ਜੱਜ ਰੋਸ਼ਨੀ ਅਤੇ ਸੰਜੀਵ ਦੇ ਕਾਗਜ਼ ਦੇਖਦਿਆਂ ਬੋਲਿਆ, "ਤੁਹਾਨੂੰ ਦੋਹਾਂ ਨੂੰ ਤਾਲਾਕ ਚਾਹੀਦਾ ਹੈ ਜਾਂ ਇਕੱਠਿਆਂ ਰਹਿਣ ਦਾ ਫੈਂਸਲਾ ਕੀਤਾ ਹੈ?" ਜੀ ਸਾਨੂੰ ਤਲਾਕ ਚਾਹੀਦਾ ਹੈ। ਜੱਜ ਨੇ ਫਿਰ ਪੁੱਛਿਆ "ਚੰਗੀ ਤਰ੍ਹਾਂ ਸੋਚ ਲਿਆ ਹੈ, ਘਰ ਮੁੜ-ਮੁੜ ਨਹੀਂ ਵੱਸਦੇ? ਜੀ ਸਾਨੂੰ ਬੱਸ ਤਾਲਾਕ ਚਾਹੀਦਾ ਹੈ, ਹੋਰ ਕੁਝ ਨਹੀਂ। ਅਸੀਂ ਦੋਵੇਂ ਪਤੀ-ਪਤਨੀ ਦੇ ਤੌਰ 'ਤੇ ਨਹੀਂ ਰਹਿ ਸਕਦੇ।" ਜੱਜ ਨੇ ਤਲਾਕ ਦੀ ਅਰਜ਼ੀ 'ਤੇ ਸਾਈਨ ਕੀਤੇ ਤੇ ਮੋਹਰ ਲਾ ਦਿੱਤੀ ਤੇ ਕਹਿਣ ਲੱਗਾ, "ਲਈ ਜੀ ਤਲਾਕ ਹੋ ਗਿਆ, ਅੱਜ ਤੋਂ ਤੁਸੀਂ ਦੋਵੇਂ ਆਜ਼ਾਦ, ਦੋਵੇਂ ਪਤੀ-ਪਤਨੀ ਨਹੀਂ।



ਦੋਵੇਂ ਕਮਰੇ ਵਿੱਚੋਂ ਬਾਹਰ ਆ ਗਏ, ਰੋਸ਼ਨੀ ਆਪਣੇ ਪਿਉ, ਮਾਮੇ ਅਤੇ ਹੋਰ ਰਿਸ਼ਤੇਦਾਰਾਂ ਕੋਲ ਚਲੀ ਗਈ ਤੇ ਸੰਜੀਵ ਆਪਣੇ ਮਾਤਾ-ਪਿਤਾ, ਮਾਮੇ, ਭਰਾ ਅਤੇ ਮਾਸੀ ਦੇ ਮੁੰਡੇ ਕੋਲ ਆ ਗਿਆ। ਰੋਸ਼ਨੀ ਦੇ ਪਿਉ ਨੂੰ ਵਕੀਲ ਕਹਿਣ ਲੱਗਾ ਕਿ ਤਲਾਕ ਦੀ ਕਾਪੀ ਤੁਹਾਨੂੰ ਕੁਝ ਹਫ਼ਤਿਆਂ ਬਾਅਦ ਮਿਲ ਜਾਵੇਗੀ। ਰੋਸ਼ਨੀ ਆਟੋ 'ਤੇ ਬਹਿ ਕੇ ਆਪਣੇ ਘਰ ਚਲੀ ਗਈ। ਸੰਜੀਵ ਆਪਣੇ ਰਿਸ਼ਤੇਦਾਰਾਂ ਨਾਲ ਆਪਣੇ ਘਰ ਚਲਿਆ ਗਿਆ। ਤਾਲਾਕ ਸਿਰਫ਼ ਰੋਸ਼ਨੀ ਅਤੇ ਸੰਜੀਵ ਦਾ ਹੀ ਨਹੀਂ ਹੋਇਆ ਸੀ ਸਗੋਂ ਇਸ ਤਲਾਕ ਨਾਲ ਦੋ ਪਰਿਵਾਰਾਂ ਦੀ ਸਾਂਝ ਸਦ- ਸਦਾ ਲਈ ਖ਼ਤਮ ਹੋ ਗਈ।

ਤਲਾਕ ਉਸ ਸਮੇਂ ਹੁੰਦਾ ਹੈ ਜਦ ਰਿਸ਼ਤਿਆਂ ਵਿੱਚ ਹੱਦ ਤੋਂ ਵੱਧ ਕੁੜੱਤਣ ਪੈਦਾ ਹੋ ਜਾਵੇ। ਇਹਨਾਂ ਛੇ ਸਾਲਾਂ ਵਿੱਚ ਰੋਸ਼ਨੀ ਕੇਵਲ ਅੱਠ ਮਹੀਨੇ ਹੀ ਆਪਣੇ ਸਹੁਰੇ ਘਰ ਰਹੀ। ਕਾਫ਼ੀ ਸਮਾਂ ਪੇਕੇ। ਸੰਜੀਵ ਨੇ ਰੋਸ਼ਨੀ ਅਤੇ ਬੱਚੇ ਸਮੇਤ ਘਰੋਂ ਪੈਰ ਕਾਹਦੇ ਕੱਢੇ, ਉਸ ਦਾ ਘਰ ਪਰਿਵਾਰ ਸਦਾ ਲਈ ਉੱਜੜ ਗਿਆ। ਕਾਫ਼ੀ ਦੇਰ ਰੋਸ਼ਨੀ ਆਪਣੇ ਪੇਕੇ ਘਰ ਬੈਠੀ ਰਹੀ। ਇੱਕ ਦਿਨ ਸੰਜੀਵ ਦੇ ਪਿਤਾ ਦਲੀਪ ਚੰਦ ਨੇ ਆਪਣੇ ਇੱਕ ਵਕੀਲ ਦੋਸਤ ਨਾਲ ਗੱਲ ਕੀਤੀ। "ਰਮੇਸ਼ ਜੀ, ਸੰਜੀਵ ਦੇ ਆਪਣੇ ਪੇਕੇ ਘਰ ਬੈਠੀ ਹੈ ਕੀ ਕੀਤਾ ਜਾਵੇ?"

ਵਕੀਲ ਦੋਸਤ ਰਮੇਸ਼ ਕਹਿਣ ਲੱਗਾ, ਦਲੀਪ ਚੰਦ ਜੀ ਦੇਖੋਂ! ਅੱਜ-ਕੱਲ੍ਹ ਬਹੁਤ ਸਾਰੇ ਕਨੂੰਨ ਲੜਕੀ ਦੇ ਹੱਕ ਵਿੱਚ ਹੀ ਕੰਮ ਕਰਦੇ ਹਨ। ਅਗਰ ਉਹਨਾਂ ਨੇ ਕੁਝ ਉਲਟਾ-ਪੁਲਟਾ ਕੇਸ ਕਰ ਦਿੱਤਾ ਤਾਂ ਤੁਹਾਡੇ ਲਈ ਮੁਸ਼ਕਿਲ ਪੈਦਾ ਹੋ ਸਕਦੀ ਹੈ। ਇੱਕ ਤਾਂ ਪੈਸਾ ਦੇਣਾ ਪਵੇਗਾ, ਮੁੰਡੇ ਨੂੰ ਜੇਲ੍ਹ ਵੀ ਹੋ ਸਕਦੀ ਹੈ। ਫਿਰ ਤੁਸੀਂ ਵੀ ਸਰਕਾਰੀ ਮੁਲਾਜ਼ਮ ਹੋ ਅਗਰ ਕੋਈ ਖ਼ਤਰਨਾਕ ਇਲਜ਼ਾਮ ਤੁਹਾਡੇ'ਤੇ ਲੱਗਾ ਤਾਂ ਨੌਕਰੀ ਵੀ ਜਾ ਸਕਦੀ ਹੈ। ਦਲੀਪ ਚੰਦ ਜੀ ਬੰਦੇ ਨੂੰ ਦੂਰ ਅੰਦੇਸ਼ੀ ਹੋਣਾ ਚਾਹੀਦਾ ਹੈ, ਕੁਝ ਵੀ ਸਕਦਾ ਹੈ ਅਤੇ ਉਸ ਸਭ ਕੁਝ ਦਾ ਮੁਕਾਬਲਾ ਕਰਨ ਲਈ ਤੁਹਾਨੂੰ ਤਿਆਰ ਰਹਿਣਾ ਚਾਹੀਦਾ ਹੈ।

ਅੱਛਾ ਫਿਰ ਕੀ ਕੀਤਾ ਜਾਵੇ? ਦਲੀਪ ਚੰਦ ਨੇ ਪੁੱਛਿਆ।

"ਤੁਸੀ ਪਹਿਲਾਂ ਇਹ ਦੱਸੋ ਕਿ ਆਪਣੀ ਨੂੰਹ ਨੂੰ ਰੱਖਣਾ ਚਾਹੁੰਦੇ ਹੋ ਜਾਂ ਨਹੀਂ?" ਰਮੇਸ਼ ਨੇ ਸਵਾਲ ਕੀਤਾ। ਦਲੀਪ ਚੰਦ ਕਹਿਣ ਲੱਗਾ, " ਦੇਖੋ ਜੀ ਸਾਡੇ ਚਾਹੁੰਣ ਜਾਂ ਨਾ ਚਾਹੁਣ ਨਾਲ ਕੀ ਹੁੰਦਾ ਹੈ।

ਕਿਹੜਾ ਮਾਂ-ਬਾਪ ਹੈ ਜੋ ਆਪਣੇ ਧੀ-ਪੁੱਤ ਦਾ ਘਰ ਉੱਜਾੜੇਗਾ। ਘਰ ਵਸਾਉਣ ਵਾਸਤੇ ਹਰ ਤਰ੍ਹਾਂ ਦੇ ਸਮਝਾਉਤੇ ਕੀਤੇ ਜਾ ਸਕਦੇ ਹਨ। ਪਹਿਲਾਂ ਉਸ ਨੇ ਘਰੋਂ ਦੇ ਘਰ ਸੰਮਨ ਭੇਜ ਦਿੱਤੇ। ਅਦਾਲਤ ਦੀ ਪਹਿਲੀ ਤਰੀਕ ਪਈ। ਸੰਜੀਵ ਤੇ ਉਸ ਦੇ ਪਰਿਵਾਰ ਨੇ ਸੋਚਿਆ ਕਿ ਰੋਸ਼ਨੀ ਤੇ ਉਸ ਦਾ ਪਰਿਵਾਰ ਅਦਾਲਤ ਵਿੱਚ ਤਰੀਕ ਭੁਗਤਣ ਜ਼ਰੂਰ ਆਉਣਗੇ। ਪਰ ਅਦਾਲਤ ਦੇ ਬਾਹਰ ਆਸ-ਪਾਸ ਕੋਈ ਨਜ਼ਰ ਨਹੀਂ ਆਇਆ।

ਸੁਰਿੰਦਰ ਸੰਜੀਵ ਦਾ ਰਾਜਨੀਤਿਕ ਦੋਸਤ ਹੈ। ਉਸ ਨੂੰ ਅਦਾਲਤ ਕਚਹਿਰੀਆਂ ਦੇ ਕੰਮ ਦਾ ਬਹੁਤ ਤਜ਼ਰਬਾ ਹੈ, ਉਸ ਦੇ ਨਾਲ ਸੰਜੀਵ ਦੇ ਬਚਪਨ ਦਾ ਦੋਸਤ ਜਸਪਾਲ ਹੈ। ਉਹਨਾਂ ਦੀ ਰਾਜਨੀਤਿਕ ਪਾਰਟੀ ਦੀ ਇਸਤਰੀ ਸਾਥੀ ਮੈਡਮ ਨੀਲਮ ਜਿਸ ਨੇ ਕੌਂਸਲਰ ਦੀ ਇਲੈਕਸ਼ਨ ਲੜੀ ਸੀ, ਭਾਵੇਂ ਉਹ ਤੀਸਰੇ ਨੰਬਰ 'ਤੇ ਰਹੀ ਸੀ, ਪਰ ਇਲਾਕੇ ਵਿੱਚ ਉਸ ਦਾ ਆਧਾਰ ਬਣ ਗਿਆ ਸੀ। ਜ਼ਿਲ੍ਹਾ ਪਾਰਟੀ ਪ੍ਰਧਾਨ ਮਨਜੀਤ ਸਿੰਘ ਦਾ ਵੀ ਸੰਜੀਵ ਦੀ ਮੱਦਦ ਵਿੱਚ ਭਰਪੂਰ ਹੱਥ ਰਿਹਾ। ਜਦ ਉਸ ਨੂੰ ਪਤਾ ਲੱਗਿਆ ਕਿ ਸੰਜੀਵ ਦਾ ਆਪਣੀ ਪਤਨੀ ਨਾਲ ਝਗੜਾ ਚੱਲਦਾ ਪਿਆ ਹੈ ਤਾਂ ਉਸ ਨੇ ਕਿਹਾ ਸੀ ਕਿ " ਸੰਜੀਵ ਦੱਸ ਤੇਰਾ ਇਰਾਦਾ ਕੀ ਹੈ, ਤੇਰੀ ਜ਼ਨਾਨੀ ਨੂੰ ਲੈ ਆਈਏ? ਮੈਨੂੰ ਤੇਰੇ ਬਾਰੇ ਸੁਣ ਕੇ ਬੜਾ ਦੁੱਖ ਹੋਇਆ ਹੈ। ਮੈਨੂੰ ਤਾਂ ਸੁਰਿੰਦਰ ਨੇ ਦੱਸਿਆ ਕਿ ਬਾਹਰ ਰਹਿਣਾ ਹੈ, ਅਸੀਂ ਉਹ ਵੀ ਕਰ ਦਿੱਤਾ। ਅਸੀਂ ਉਸ ਦੇ ਨਾਲ ਨਹੀਂ ਸੀ ਤੇ ਉਹ ਫਿਰ ਵੀ ਨਾ ਰਹੀ। ਇਸ ਵਿੱਚ ਸਾਡਾ ਕੀ ਕਸੂਰ? ਵੈਸੇ ਮੈਨੂੰ ਇਸ ਕੁੜੀ ਦੇ ਘਰ ਵਸਾਉਣ ਦੇ ਲੱਛਣ ਨਜ਼ਰ ਨਹੀਂ ਆਉਂਦੇ। "ਤੇ ਫਿਰ ਠੀਕ ਹੈ ਅਸੀਂ ਕੁੜੀ ਨੂੰ ਘਰ ਵਸਾਉਣ ਦਾ ਦਾਅਵਾ ਪੇਸ਼ ਕਰ ਦਿੰਦੇ ਹਾਂ। "ਕੁਝ ਕਾਗਜ਼ ਭਰੇ ਗਏ ਅਤੇ ਵਕੀਲ ਨੇ ਡਾਕ ਰਾਹੀਂ ਰੋਸ਼ਨੀ ਤੇਰਾ ਤੇਰੀ ਜ਼ਨਾਨੀ ਨਾਲ ਝਗੜਾ ਚੱਲ ਰਿਹਾ ਹੈ। ਮੈਂ ਤਾਂ ਆਪਣੇ ਪਤੀ ਨੂੰ ਛੱਡ ਬੈਠੀ ਹਾਂ, ਮੀਆਂ-ਬੀਵੀ ਦਾ ਰਿਸਤਾ ਕਾਫ਼ੀ ਨਾਜ਼ੁਕ ਹੁੰਦਾ ਹੈ।

ਮੈਂ ਖ਼ੁਦ ਆਪਣੇ ਪਤੀ ਦਾ ਵਿਆਹ ਕੀਤਾ ਹੈ, ਕਿਉਂਕਿ ਮੇਰੇ ਔਲਾਦ ਨਹੀਂ ਹੋਣੀ ਸੀ ਅਤੇ ਡਾਕਟਰਾਂ ਨੇ ਵੀ ਜੁਆਬ ਦੇ ਦਿੱਤਾ ਸੀ। ਉਸ ਸਮੇਂ ਮੈਨੂੰ ਲੋਕਾਂ ਦੀਆਂ ਗੱਲਾਂ ਸਮਝ ਨਾ ਆਈਆਂ, ਜਦ ਸਭ ਕੁਝ ਖ਼ਤਮ ਹੋ ਗਿਆ ਤਾਂ ਅੱਖਾਂ ਖੁੱਲ੍ਹੀਆਂ। ਮੈਂ ਤਾਂ ਸੰਤਾਪ ਭੋਗ ਚੁੱਕੀ ਹਾਂ, ਸ਼ਾਇਦ ਤੇਰੀ ਗੱਲ ਬਣ ਜਾਵੇ, ਉਹ ਕੀ ਚਾਹੁੰਦੀ ਹੈ...? ਦੀਦੀ ਕੋਸ਼ਿਸ਼ ਕਰ ਕੇ ਦੇਖ ਲਉ, ਜੇ ਗੱਲ ਬਣ ਜਾਵੇ ਤਾਂ ਚੰਗਾ ਹੈ, ਰਿਸ਼ਤੇ ਕਿਹੜਾ ਰੋਜ਼-ਰੋਜ਼ ਹੁੰਦੇ ਹਨ, ਸੰਜੀਵ ਨੇ ਕਿਹਾ।

ਦਲੀਪ ਚੰਦ ਹੱਥ ਵਿੱਚ ਅਖ਼ਬਾਰ ਫੜ੍ਹੀ, ਸਕੂਟਰ ਦਾ ਸਟੈਂਡ ਲਾਉਂਦਿਆਂ ਹੋਇਆ ਬੋਲਿਆ, "ਆਹ ਵੇਖ! ਨੀਨਾ, ਆਪਣੀ ਨੂੰਹ ਦੀ ਕਰਤੂਤ. ਹੁਣ ਤਾਂ ਜੱਗ ਜਾਹਰ ਹੋ ਗਿਆ ਈ, ਉਸ ਦੇ ਪੇਕਿਆਂ ਦੇ ਮੁਹੱਲੇ ਦੀ ਖ਼ਬਰ, ਰੋਸ਼ਨੀ ਬਦਕਾਰੀ ਦਾ ਧੰਦਾ ਕਰਦੀ ਫੜ੍ਹੀ ਗਈ ਹੈ। ਇਹੋ ਜਿਹੀ ਜਨਾਨੀ ਤੋਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ..?

ਅੱਛਾ! ਮੈਂ ਕਿਹਾ ਬੰਦੇ ਤੋਂ ਬਗੈਰ ਕਿੱਦਾਂ ਰਹਿ ਰਹੀ ਹੈ, ਉਸ ਨੂੰ ਤਾਂ ਬੰਦੇ ਦੀ ਲੋੜ ਹੀ ਨਹੀਂ ਉਸ ਨੂੰ ਤਾਂ ਬਹੁਤ ਸਾਰੇ ਬੰਦੇ ਚਾਹੀਦੇ ਹਨ,, ਕੋਲ ਬੈਠੀ ਸੰਜੀਵ ਦੀ ਮਾਂ ਦੇ ਲਫਜ਼ ਸਨ। ਕੋਲ ਹੀ ਸੰਜੀਵ ਵੀ ਬੈਠਾ ਸੀ। "ਤੂੰ ਵੀ ਵੇਖ ਲੈ ਆਪਣੀ ਜ਼ਨਾਨੀ ਦੀਆਂ ਕਰਤੂਤਾਂ, ਉਸ ਦੇ ਮਗਰ-ਮਗਰ ਤੁਰਿਆ ਫਿਰਦਾ ਹੈ, ਮੇਰੀ ਰੋਸ਼ਨੀ, ਮੇਰੀ ਰੋਸ਼ਨੀ, ਲਿਆ ਦਿਉ, ਵੇਖ ਲੈ ਆਪਣੀ ਰੋਸ਼ਨੀ ਦੀਆਂ ਕਰਤੂਤਾਂ...। ਅਖ਼ਬਾਰ ਦੀ ਖ਼ਬਰ ਪੜ੍ਹ ਕੇ ਸੰਜੀਵ ਸੁੰਨ ਜਿਹਾ ਹੋ ਗਿਆ, ਚਾਹੇ ਜੋ ਵੀ ਹੈ, ਪਰ ਸੰਜੀਵ ਦਾ ਮੰਨ ਨਹੀਂ ਮਨ ਰਿਹਾ ਸੀ ਲੇਕਿਨ ਖਾਮੋਸ਼ ਰਹਿਣ

ਬਾਕੀ ਸਫਾ III 'ਤੇ

ਹੱਥ ਰੇਖਾਵਾਂ ਦੀ ਅਸਲੀਅਤ

(ਦੂਜੀ ਕਿਸ਼ਤ)
ਮੇਘ ਰਾਜ ਮਿੱਤਰ)

ਮੇਰੇ ਦੇਸ਼ ਦੀ ਨੱਬੇ ਪ੍ਰਤੀਸ਼ਤ ਜਨਤਾ ਜੋਤਸ਼ੀਆਂ ਵਿੱਚ ਵਿਸ਼ਵਾਸ ਰੱਖਦੀ ਹੈ। ਅੱਜ ਤੋਂ 50-60 ਸਾਲ ਪਹਿਲਾਂ ਲੋਕਾਂ ਕੋਲ ਪੈਸੇ ਹੀ ਨਹੀਂ ਸਨ ਹੁੰਦੇ ਇਸ ਲਈ ਉਸ ਸਮੇਂ ਜੋਤਸ਼ੀਆਂ ਦਾ ਧੰਦਾ ਵੀ ਬਹੁਤਾ ਲਾਹੇਬੰਦ ਨਹੀਂ ਸੀ। ਅੱਜ-ਕੱਲ੍ਹ ਤਾਂ ਮੱਧ ਸ਼੍ਰੇਣੀ ਪੈਸੇ ਕੀ ਬਹੁਤਾਤ ਹੈ ਉਹ ਆਪਣਾ ਭਵਿੱਖ ਜਾਨਣ ਲਈ ਅਤੇ ਆਪਣੇ ਆਲੇ-ਦੁਆਲੇ ਵਿੱਚ ਸ਼ੋਹਰਤ ਬਣਾਉਣ ਲਈ ਅਕਸਰ ਹੀ ਜੋਤਸ਼ੀਆਂ ਕੋਲ ਪੁੱਜ ਜਾਂਦੇ ਹਨ। ਅੱਜ ਸਾਡਾ ਸਾਰਾ ਸਮਾਜ ਹੀ ਮੁਸ਼ਕਿਲਾਂ ਵਿੱਚ ਘਿਰਿਆ ਹੋਇਆ ਹੈ, ਕਿਸੇ ਦੇ ਪੜ੍ਹੇ-ਲਿਖੇ ਪੁੱਤ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਹੈ ਅਤੇ ਕੋਈ ਆਪਣੇ ਧੀਆਂ-ਪੁੱਤਾਂ ਲਈ ਚੰਗੇ ਰਿਸਤੇ ਲੱਭ ਰਿਹਾ ਹੈ ਅਤੇ ਕਿਸੇ ਦੇ ਘਰ ਵਿੱਚ ਨਸ਼ਾ ਜਾ ਬੀਮਾਰੀ ਨੇ ਘਰ ਕੀਤਾ ਹੋਇਆ ਹੈ। ਇਸ ਤਰ੍ਹਾਂ ਇੱਥੇ ਬਹੁਤੇ ਲੋਕੀਂ ਇਨ੍ਹਾਂ ਸਮੱਸਿਆਵਾਂ ਦੀਆਂ ਘੁੰਮਣ ਘੇਰੀਆਂ ਵਿੱਚ ਫਸੇ ਹੋਏ ਹਨ ਤੇ ਸੋਚਦੇ ਹਨ ਕਿ ਸ਼ਾਇਦ ਜੋਤਸ਼ੀ ਹੀ ਉਹਨਾਂ ਨੂੰ ਇਹਨਾਂ ਮੁਸ਼ਕਿਲਾਂ ਵਿੱਚੋਂ ਕੱਢ ਸਕਦੇ ਹਨ। ਜੋਤਸ਼ੀ ਵੀ ਬਹੁਤ ਹੀ ਚਲਾਕ ਕਿਸਮ ਦੇ ਵਿਅਕਤੀ ਹੁੰਦੇ ਹਨ ਉਹ ਗਾਹਕਾਂ ਨੂੰ ਮਾਨਸਿਕ ਤੌਰ 'ਤੇ ਹੱਲਾ-ਸ਼ੇਰੀ ਵੀ ਦੇ ਦਿੰਦੇ ਹਨ ਤੇ ਨਾਲ ਹੀ ਉਹਨਾਂ ਦੀ ਪ੍ਰਸੰਸਾ ਕਰਨੀ ਵੀ ਨਹੀਂ ਭੁੱਲਦੇ। ਕਈ ਵਾਰੀ ਉਹ ਗਾਹਕ ਦੇ ਮਨ ਵਿੱਚ ਡਰ ਵੀ ਬਿਠਾ ਦਿੰਦੇ ਹਨ ਤੇ ਡਰਿਆ ਹੋਇਆ ਗਾਹਕ ਵੱਧ ਲੁਟਾ ਹੁੰਦਾ ਹੈ। ਇਸ ਤਰ੍ਹਾਂ ਜੋਤਸ ਦਾ ਧੰਦਾ ਦਿਨ -ਰਾਤ ਫੁੱਲ ਤੇ ਫਲ ਰਿਹਾ ਹੈ।

ਟੈਲੀਵਿਯਨ ਚੈਨਲਾਂ ਨੂੰ ਚਲਾਉਣ ਲਈ ਵੱਡੇ ਸਟਾਫ਼ ਅਤੇ ਸਟੂਡੀਉ ਆਦਿ ਦੀ ਲੋੜ ਹੁੰਦੀ ਹੈ। ਇਸ ਲਈ ਇਸ ਸਮੁੱਚੇ ਧੰਦੇ ਨੂੰ ਲਾਹੇਬੰਦ ਬਣਾਉਣ ਲਈ ਵੱਡੀ ਆਮਦਨ ਦੀ ਵੀ ਜ਼ਰੂਰਤ ਹੈ। ਕੁਝ ਸਥਾਪਿਤ ਚੈਨਲਾਂ ਨੂੰ ਤਾਂ ਇਸ਼ਤਿਹਾਰਾਂ ਤੋਂ ਲੋੜੀਂਦੀ ਆਮਦਨ ਹੋ ਜਾਂਦੀ ਹੈ ਪਰ ਬਾਕੀਆਂ ਲਈ ਤਾਂ ਸਾਧ ਸੰਤ ਅਤੇ ਜੋਤਸ਼ੀ ਹੀ ਸਹਾਰਾ ਬਣਦੇ ਨੇ। ਜੇ ਲੋਕ ਇਸ ਗੱਲ ਨਾਲ ਬਰਬਾਦ ਹੁੰਦੇ ਹਨ ਤਾਂ ਹੋਈ ਜਾਣ ਚੈਨਲਾਂ ਨੇ ਤਾਂ ਆਪਣਾ ਘਾਟਾ ਪੂਰਨਾ ਹੀ ਹੈ। ਇਸ ਤਰ੍ਹਾਂ ਜੋਤਸ਼ ਦਾ ਧੰਦਾ ਵੱਧ ਫੁੱਲ ਰਿਹਾ ਹੈ।

ਹੱਥ ਦੀਆਂ ਲਕੀਰਾਂ ਦਾ ਕਿਸਮਤ ਨਾਲ ਸਬੰਧ

ਕਹਿੰਦੇ ਨੇ ਬੰਦੇ ਦੀ ਕਿਸਮਤ ਅਤੇ ਹੱਥ ਦੀਆਂ ਲਕੀਰਾਂ ਦਾ ਰਿਸਤਾ ਬਹੁਤ ਨੇੜੇ ਦਾ ਹੁੰਦਾ ਹੈ। ਸ ਅੱਜ ਇਸ ਗੱਲ ਨੂੰ ਵੀ ਨਿਰਖ ਪੁਰਖ ਲਈਏ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਮਨੁੱਖ ਦੀ ਕਿਸਮਤ, ਸਿਹਤ, ਉਮਰ, ਵਿਆਹ, ਧੰਨ, ਦੌਲਤ, ਪੁੱਤਰ ਅਤੇ ਧੀਆਂ ਸਭ ਕੁਝ ਹੱਥ ਦੀਆਂ ਲਕੀਰਾਂ ਦਰਸਾ ਦਿੰਦੀਆਂ ਹਨ।

ਪਹਿਲਾਂ ਆਪਾਂ ਕਿਸਮਤ ਨੂੰ ਹੀ ਲੈ ਲਈਏ। ਅੰਮ੍ਰਿਤਸਰ ਦੇ ਪਾਗਲ-ਖਾਨੇ ਵਿੱਚ ਜਾ ਕੇ ਇਸ ਦੀ ਪਰਖ ਆਰਾਮ ਨਾਲ ਕੀਤੀ ਜਾ ਸਕਦੀ ਹੈ। ਉੱਥੇ ਸਾਨੂੰ ਸੈਂਕੜੇ ਅਜਿਹੇ ਵਿਅਕਤੀਆਂ ਦੇ ਹੱਥ ਦੀਆਂ ਲਕੀਰਾਂ ਦੇ ਫੋਟੋਗ੍ਰਾਫ਼ ਆਰਾਮ ਨਾਲ ਮਿਲ ਸਕਦੇ ਹਨ, ਜਿਨ੍ਹਾਂ ਨੂੰ ਡਾਕਟਰਾਂ ਨੇ ਟੈਸਟ ਕਰ ਕੇ ਕਿਹਾ ਹੈ ਕਿ ਉਹ ਜਮਾਂਦਰ ਪਾਗਲ ਹਨ ਆਪਣੀ ਮੌਤ ਤੱਕ ਇਹਨਾਂ ਨੇ ਪਾਗਲ ਹੀ ਰਹਿਣਾ ਹੈ। ਇਹ ਹੱਥ ਚਿੱਤਰ ਵੇਖ ਕੇ ਜੋਤਸੀ ਉਹਨਾਂ ਦੀ ਕਿਸਮਤ ਜ਼ਰੂਰੀ ਪੜ੍ਹਨਗੇ ਤੇ ਬਹੁਤਿਆਂ ਬਾਰੇ ਕਹਿਣਗੇ ਕਿ ਇਹਨਾਂ ਦੀ ਕਿਸਮਤ ਬਹੁਤ ਚੰਗੀ ਹੈ।

ਉਮਰ.-ਜੇ ਗੱਲ ਉਮਰ ਦੀ ਕਰਨੀ ਹੋਵੇ ਤਾਂ ਅੱਜ ਪੰਜਾਬ ਵਿੱਚ ਘੱਟੋ-ਘੱਟ ਅੱਠ ਵਿਅਕਤੀ ਹਰ ਰੋਜ਼ ਐਕਸੀਡੈਂਟਾਂ ਵਿੱਚ ਮਰ ਰਹੇ ਹਨ। ਉਹਨਾਂ ਦੇ ਹੱਥ ਦੀਆਂ ਲਕੀਰਾਂ ਦਰਸਾ ਰਹੀਆਂ ਹੁੰਦੀਆਂ ਨੇ ਕਿ ਉਹਨਾਂ ਨੇ ਲੰਬੀ ਉਮਰ ਭੋਗਣੀ ਹੈ। ਇਸ ਤਰ੍ਹਾਂ ਭੁਪਾਲ ਵਿੱਚ ਗੈਸ ਰਿਸੀ ਇੱਕੋ-ਦਿਨ ਹੀ ਦੋ ਹਜ਼ਾਰ ਵਿਅਕਤੀ ਰਾਤੀ ਚੰਗੇ ਭਲੇ ਸੁੱਤੇ ਪਰ ਸਵੇਰ ਨੂੰ ਉੱਠ ਹੀ ਨਹੀਂ ਸਕੇ। ਜੋਤਸ਼ੀਆਂ ਦਾ ਇੱਕ ਪੂਰਾ ਮੁਹੱਲਾ ਖ਼ੁਦ ਹੀ ਇਸ ਦੀ ਜਕੜ ਵਿੱਚ ਆ ਗਿਆ ਸੀ। ਕੀ ਇਹਨਾਂ ਸਭ ਵਿਅਕਤੀਆਂ ਦੀਆਂ ਹਥੇਲੀਆਂ ਤੇ ਉਮਰਾਂ ਦੀਆਂ ਰੇਖਾਵਾਂ ਕੱਟ-ਵੱਢ ਹੋ ਗਈਆਂ ਸਨ?

ਇਸ ਤਰ੍ਹਾਂ ਦੂਸਰੇ ਸੰਸਾਰ ਯੁੱਧ ਸਮੇਂ 1945 ਵਿੱਚ ਅਮਰੀਕੀ ਸਰਕਾਰ ਨੇ ਉੱਥੋਂ ਦੇ ਪਾਦਰੀਆਂ ਤੋਂ ਅਸ਼ੀਰਵਾਦ ਦੁਆਕੇ ਦੋ ਜਹਾਜਾਂ ਨੂੰ ਜਾਪਾਨ ਦੇ ਸ਼ਹਿਰਾਂ ਹੀਰੋਸੀਮਾ ਅਤੇ ਨਾਗਾਸਾਕੀ ਉੱਪਰ ਐਟਮ ਬੰਬ ਸੁੱਟਣ ਲਈ ਭੇਜ ਦਿੱਤਾ। ਇਸ ਤਰ੍ਹਾਂ ਲੱਖਾਂ ਲੋਕ ਮਾਰੇ ਗਏ ਕੀ ਉਹਨਾਂ ਦੀਆਂ ਹੱਥ

ਬਾਕੀ ਸਫਾ III 'ਤੇ

ਦੂਰਦਰਸ਼ਨ ਸਮੀਖਿਆ

ਵਧੀਆ ਜਾ ਰਿਹਾ ਹੈ ਪ੍ਰੋਗਰਾਮ ਸਿੱਖਿਆ ਸੰਸਾਰ

ਪ੍ਰੋ. ਸੁਦੀਪ ਸਿੰਘ ਢਿੱਲੋਂ

ਨਿੱਜੀ ਨਿਰਮਾਤਾ ਨਿਰਦੇਸ਼ਕ ਅਤੇ ਦੂਰਦਰਸ਼ਨ ਦੇ ਉੱਘੇ ਮੇਜ਼ਬਾਨ ਬਲਵਿੰਦਰ ਬਾਲੂ ਵੱਲੋਂ ਤਿਆਰ ਸ਼ੁਧਾ ਪ੍ਰੋਗਰਾਮ ਸਿੱਖਿਆ ਸੰਸਾਰ ਹਰ ਸ਼ਨੀਵਾਰ ਰਾਤ 9.45 ਵਜੇ ਡੀ. ਡੀ. ਪੰਜਾਬੀ 'ਤੇ ਪੇਸ਼ ਕੀਤਾ ਜਾਂਦਾ ਹੈ। ਹੁਣ ਤੱਕ ਇਸ ਪ੍ਰੋਗਰਾਮ ਮੌਜੂਦਾ ਸਰੂਪ ਵਿੱਚ 10 ਕੜੀਆ ਪ੍ਰਸਾਰਿਤ ਹੋ ਚੁੱਕੀਆਂ ਹਨ। ਚੇਤੇ ਰਹੇ ਕਿ ਇਸ ਤੋਂ ਪਹਿਲਾਂ ਬਲਵਿੰਦਰ ਬਾਲੂ ਦੇ ਅਣਥੱਕ ਉੱਦਮ ਘਾਲਣਾ ਸਦਕਾ ਚਾਨਣ ਮੁਨਾਰੇ ਤਹਿਤ ਪੰਜ ਸਾਲ ਇੱਕ ਪ੍ਰੋਗਰਾਮ ਚੱਲਿਆ ਜਿਸ ਨੇ ਸਿੱਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਖੇਤਰ ਵਿੱਚ ਬਹੁਤ ਹੀ ਕਾਬਿਲੇ ਤਾਰੀਫ਼ ਅਤੇ ਵਰਨਣਯੋਗ ਰੋਲ ਅਦਾ ਕੀਤਾ। ਏਨਾ ਸਮਾਂ ਕਿਸੇ ਪ੍ਰੋਗਰਾਮ ਨਿਰੰਤਰਤਾ ਨਾਲ ਚੱਲਣਾ ਕੋਈ ਛੋਟੀ ਪ੍ਰਾਪਤੀ ਨਹੀਂ। ਬਲਵਿੰਦਰ ਬਾਲੂ ਨੇ ਨਿਰਸੰਦੇਹ ਇਸ ਪ੍ਰੋਗਰਾਮ ਦੀ ਪੇਸ਼ਕਾਰੀ ਰਾਹੀਂ ਇੱਕ ਸੰਸਥਾ ਜਿੰਨਾ ਕੰਮ ਕਰ ਵਿਖਾਇਆ।

ਬਲਵਿੰਦਰ ਬਾਲੂ
ਨਿੱਜੀ ਨਿਰਮਾਤਾ ਨਿਰਦੇਸ਼ਕ

ਮੌਜੂਦਾ ਪ੍ਰਈਯੋਜਿਤ ਪ੍ਰੋਗਰਾਮ ਸਿੱਖਿਆ ਸੰਸਾਰ ਤਹਿਤ ਜਿੱਥੇ ਸਿੱਖਿਆ ਨਾਲ ਸਬੰਧਿਤ ਵੱਖ ਵੱਖ ਮਾਹਿਰਾਂ ਨਾਲ ਸਿੱਖਿਆ ਦੇ ਸਾਰੇ ਪੱਖਾਂ ਦੇ ਸਬੰਧੀ ਸਾਰਥਿਕ ਚਰਚਾ ਕੀਤੀ ਜਾਂਦੀ ਹੈ। ਉਥੇ ਸਿੱਖਿਆ ਦੇ ਖੇਤਰ ਵਿੱਚ ਨਵੀਆਂ ਸੰਭਾਵਨਾਵਾਂ ਅਤੇ ਮੌਜੂਦਾ ਚੁਣੌਤੀਆਂ ਦਾ ਜ਼ਿਕਰ ਵੀ ਖੁੱਲ੍ਹ ਕੇ ਕੀਤਾ ਜਾਂਦਾ ਹੈ। ਪਿਛਲੇ ਪ੍ਰੋਗਰਾਮ ਵਿੱਚ ਸ਼ਹੀਦ ਪਰਿਵਾਰਾਂ ਦੇ ਬੱਚਿਆ ਅਤੇ ਸਾਬਕਾ ਫੌਜੀਆਂ ਦੇ ਪਰਿਵਾਰਕ ਜੀਆਂ ਲਈ ਵੱਖ ਵੱਖ ਸਿੱਖਿਆ ਕੋਰਸਾਂ ਦੀ ਜਾਣਕਾਰੀ ਦਿੱਤੀ ਗਈ। ਇਹ ਜਾਣਕਾਰੀ ਬਲਵਿੰਦਰ ਬਾਲੂ ਵੱਲੋਂ ਜ਼ਿਲ੍ਹਾ ਸੈਨਿਕ ਭਲਾਈ ਦਫ਼ਤਰ ਜਲੰਧਰ ਦੇ ਸੁਯੋਗ ਡਿਪਟੀ ਡਾਇਰੈਕਟਰ ਸੇਵਾ ਮੁਕਤ ਕਰਨਲ ਮਨਮੋਹਨ ਸਿੰਘ ਨਾਲ ਇੰਟਰਵਿਊ ਦੀ ਸ਼ਕਲ ਵਿੱਚ ਫਰਾਹਮ ਕੀਤੀ ਗਈ। ਇਸ ਦੇ ਨਾਲ ਹੀ ਪੀ. ਏ. ਪੀ. ਵਿੱਚ ਇੰਸਪੈਕਟਰ ਜਨਰਲ ਸ. ਜੀ. ਐਸ. ਸਹੋਤਾ ਆਈ. ਪੀ. ਐਸ. ਨਾਲ ਨੌਜਵਾਨਾਂ ਦਾ ਪੁਲਿਸ ਵਿਭਾਗ ਵਿੱਚ ਭਵਿੱਖ ਵਿਸ਼ੇ 'ਤੇ ਕੀਤੀ ਮੁਲਾਕਾਤ ਜਿੱਥੇ ਰੌਚਿਕ ਸੀ ਉਥੇ ਗਿਆਨ ਭਰਪੂਰ ਵੀ ਸੀ। ਬਲਵਿੰਦਰ ਬਾਲੂ ਦੀ ਸ਼ਬਦਾਵਲੀ ਅਤੇ ਗੱਲਬਾਤ ਦਾ ਅੰਦਾਜ਼ ਸਰਲ ਅਤੇ ਲੋਕ ਜੀਵਨ ਦੇ ਲਾਗੇ ਹੈ। ਪ੍ਰਈਯੋਜਿਤ ਪ੍ਰੋਗਰਾਮਾਂ ਵਿੱਚ ਸਿੱਖਿਆ ਸੰਸਾਰ ਪ੍ਰੋਗਰਾਮ ਨਿਰਸੰਦੇਹ ਆਪਣਾ ਵਿਸ਼ੇਸ਼ ਮੁਕਾਮ ਬਣਾ ਚੁੱਕਾ ਹੈ।

ਗੱਲਾਂ ਤੇ ਗੀਤ-ਪਿਤਲੇ ਹਫ਼ਤੇ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 344ਵੇਂ ਪ੍ਰਕਾਸ਼ ਉਤਸਵ ਦੇ ਮੌਕੇ 'ਤੇ ਡੀ. ਡੀ. ਪੰਜਾਬੀ ਪ੍ਰੋਗਰਾਮ ਸੱਜਰੀ ਸਵੇਰ ਤਹਿਤ ਸਵੇਰੇ 8.45 ਤੋਂ 9.30 ਵਜੇ ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਫਲਸਫੇ ਅਤੇ ਮਹਾਨ ਦੇਣ ਬਾਰੇ ਵਿਸਥਾਰ ਪੂਰਵਕ ਵਿਚਾਰ ਚਰਚਾ ਕੀਤੀ ਗਈ। ਜਿਸ ਵਿੱਚ ਦੂਰਦਰਸ਼ਨ ਦੀ ਐਂਕਰ ਗੁਰਪ੍ਰੀਤ ਕੌਰ ਅਤੇ ਦੂਸਰੇ ਐਂਕਰ ਨੇ ਮਾਹਿਰ ਮਹਿਮਾਨ ਅਤੇ ਖੋਜੀ ਪ੍ਰੋ. ਅਵਤਾਰ ਸਿੰਘ ਫਗਵਾੜਾ ਨਾਲ ਗੱਲਬਾਤ ਕੀਤੀ। ਪ੍ਰੋ. ਅਵਤਾਰ ਸਿੰਘ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਬਹੁਪੱਖੀ ਪ੍ਰਤਿਭਾ ਦੇ ਮਾਲਿਕ ਸਨ ਉਹ ਉੱਚ ਕੋਟੀ ਦੇ ਸ਼ਾਇਰ, ਮਹਾਨ ਜਰਨੈਲ ਸੰਗੀਤਕਾਰ, ਤਪੱਸਵੀ, ਤਿਆਗੀ, ਰਣਨੀਤੀਕਾਰ, ਜਥੇਬੰਦਕ ਆਗੂ ਅਤੇ ਸਮਾਜਕ ਬਰਾਬਰੀ ਦੇ ਰਹਿਬਰ ਸਨ, ਜਿਨ੍ਹਾਂ ਨੇ ਲਿਤਾੜਿਆਂ 'ਤੇ ਨਿਮਾਣਿਆ ਨੂੰ ਇੱਕ ਨਵੀਂ ਜੀਵਨ ਜਾਂਚ ਦਿੱਤੀ ਅਤੇ ਮੁਰਦਾ ਹੋ ਚੁੱਕੀ ਹਿੰਦੁਸਤਾਨੀ ਕੌਮ ਨੂੰ ਸਵੈਮਾਣ ਨਾਲ ਜਿਉਣ ਦੀ ਜੁਗਤ ਸਿਖਾਈ। ਇਸ ਪ੍ਰੋਗਰਾਮ ਦੇ ਅੰਤਰਗਤ ਸ਼ਬਦ ਦੇਹ ਸ਼ਿਵਾ ਬਰ ਮੋਹਿ ਏਹਿ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ਦੀ ਪੇਸ਼ਕਾਰੀ ਬੜੀ ਢੁੱਕਵੀਂ ਰਹੀ। ਇਸ ਪ੍ਰੋਗਰਾਮ ਦੇ ਨਿਰਮਾਤਾ ਨਿਰਦੇਸ਼ਕ ਸਨ ਦਲਜੀਤ ਸਿੰਘ ਸੰਧੂ।

ਝਾਂਜਰ ਛਣਕ ਪਈ-ਨਵੇਂ ਸਾਲ ਦੀ ਪੂਰਵ ਸੰਧਿਆ 'ਤੇ ਦੂਰਦਰਸ਼ਨ ਤੋਂ ਪੇਸ਼ ਕੀਤਾ ਗਿਆ ਇਹ ਰੰਗਾ ਰੰਗ ਪ੍ਰੋਗਰਾਮ ਚੰਗਾ ਪ੍ਰਭਾਵ ਛੱਡਣ ਵਿੱਚ ਸਫ਼ਲ ਹੋਇਆ ਕਿਉਂਕਿ ਇਸ ਵਿੱਚ ਗੁਰਦਾਸ ਮਾਨ, ਸਤਵਿੰਦਰ ਬਿੱਟੀ, ਮਲਕੀਤ ਸਿੰਘ, ਸਲੀਮ, ਜੋਤੀ, ਸਲਮਾ, ਸਰਦੂਲ ਸ਼ਿਕੰਦਰ, ਅਮਰ ਨੂਰੀ ਵਰਗੇ ਮੰਨ ਪ੍ਰਮੰਨੇ ਕਲਾਕਾਰਾਂ ਨੇ ਇੱਥੇ ਰੰਗ ਬੰਨ੍ਹਿਆ ਉਥੇ ਕਮੇਡੀਅਨ ਅਸ਼ਵਨੀ ਭਾਰਦਵਾਜ਼ ਨੇ ਆਪਣੇ ਟੋਟਕਿਆ ਰਾਹੀਂ ਹਾਸ ਰਸ ਪੈਦਾ ਕਰਨ ਦਾ ਸਫ਼ਲ ਉਪਰਾਲਾ ਕੀਤਾ । ਕੈਮਰਾ ਵਰਕ ਜੀਤ ਰਾਜ, ਕੇ. ਗਣੇਸ਼ ਅਤੇ ਹਰਜੀਤ ਸਿੰਘ ਢਿੱਲੋਂ ਦਾ ਸੀ ਜਦਕਿ ਸੰਪਾਦਨ ਕਾਰਜ ਪਵਨ ਮਹੀਨੀਆ ਨੇ ਕੀਤਾ, ਨਿਰਮਾਣ ਟੀਮ ਵਿੱਚ ਡਾ. ਲਖਵਿੰਦਰ ਜੌਹਲ, ਅਮਰਜੀਤ ਕੌਰ ਚੋਪੜਾ ਅਤੇ ਸੈਲੇਦਰ ਕੁਮਰ ਸ਼ਰਮਾ ਅਤੇ ਬਲਦੇਵ